# ਤਿਲਕ ਰਾਜ ਬੇਤਾਬ (Tilak Raj Betab)

*"ਨਾ ਕੋਈ ਕੰਮ ਧੰਦਾ ਨਾ ਕੋਈ ਘਰ ਘਾਟ, ਅਮੀਰੀ ਦੀ ਥਾਂ ਗਰੀਬੀ ਤੇ ਮੁਸ਼ੱਕਤ ਪੱਲੇ ਪੈ ਗਈ*

***ਅਰੰਭ***

ਮੇਰਾ ਨਾਮ ਤਿਲਕ ਰਾਜ ਬੇਤਾਬ ਹੈ। ਮੇਰਾ ਜਨਮ ਲਹੌਰ ਦਾ ਹੈ ਤੇ ਮੈਂ ਦੱਸ ਭੈਣ ਭਰਾਵਾਂ ਵਿੱਚੋਂ ਸੱਭ ਤੋਂ ਛੋਟਾ ਹਾਂ। ਉਸ ਸਮੇਂ ਮੈਂ ਇੱਕ ਚੰਗੇ ਵੱਡੇ ਘਰ ਵਿੱਚ ਰਹਿੰਦਾ ਸੀ। ਸਾਡੇ ਆਲੇ ਦੁਆਲੇ ਪੰਜ ਘਰ ਮੁਸਲਮਾਨਾਂ ਦੇ ਸਨ, ਇੱਕ ਹਿੰਦੂਆਂ ਦਾ ਤੇ ਇੱਕ ਸਿੱਖਾਂ ਦਾ। ਸਾਡੀ ਗਲੀ ਦੇ ਇੱਕ ਪਾਸੇ ਸ਼ਾਹ ਆਲਮੀ ਗੇਟ ਸੀ ਤੇ ਦੂਜੇ ਪਾਸੇ ਲਹੌਰੀ ਗੇਟ ਜਿੱਥੇ ਦੰਗਾ ਬਾਜ਼ੀ ਸ਼ੁਰੂ ਹੋਈ ਸੀ।

ਫਸਾਦ ਸ਼ੁਰੂ ਹੋਣ ਵੇਲੇ ਅਸੀਂ ਆਪਣੇ ਘਰ ਵਿੱਚ ਵਸਦੇ ਸੀ। ਕੁਝ ਦਿਨ ਮਾਰ ਕੁਟਾਈ ਚਲਦੀ ਸੀ ਤੇ ਕੁਝ ਦਿਨ ਅਮਨ ਚੈਨ। ਕੁਝ ਲੋਕ ਲੜਾਈ ਜਾਰੀ ਰੱਖਣ ਵਿੱਚ ਖੁਸ਼ ਸਨ।

ਪਹਿਲੀ ਘਟਨਾ ਲਹੌਰ ਵਿੱਚ ਵਾਪਰੀ ਜਦ ਹਿੰਦੂਆਂ ਨੇ ਜਲੂਸ ਕੱਢਿਆ ਤਾਂ ਕੁਝ ਆਗੂ ਗੁੰਡਿਆਂ ਨੇ ਉਸ ਉਤੇ, ਇੱਕ ਖਾਸ ਥਾਂ ਤੇ, ਹਮਲਾ ਕਰਨ ਦੀ ਤਿਆਰੀ ਪਹਿਲਾਂ ਹੀ ਕੀਤੀ ਹੋਈ ਸੀ। ਸਾਡੇ ਮਹੱਲੇ, ਚੌਕ ਮਾਤੀ ਵਿੱਚ ਕਾਫੀ ਕਸਾਈ ਵਸਦੇ ਸਨ ਤੇ ਜਦ ਜਲੂਸ ਉਥੇ ਪੁਜਾ ਤਾਂ ਉਨ੍ਹਾਂ ਨੇ ਕੋਠਿਆਂ ਉਤੋਂ ਇਟਾਂ ਮਾਰੀਆਂ ਤੇ ਲੋਕਾਂ ਤੇ ਛੁਰੀਆਂ ਵਰਤੀਆਂ।

ਜਦ ਮੈਂ ਕੁਝ ਬੰਦੇ ਚੌਕ ਮਾਤੀ ਵਿੱਚ ਸਾਡੇ ਘਰ ਦੇ ਸਾਮ੍ਹਣੇ ਲਾਸ਼ਾਂ ਚੁਕੀ ਜਾਂਦੇ ਵੇਖੇ ਤਾਂ ਮੈਨੂੰ ਬਹੁਤ ਗੁੱਸਾ ਚੜ੍ਹਿਆ ਕਿਉਂਕੇ ਉਸ ਵੇਲੇ ਪੁਲਿਸ ਉਥੇ ਪੁਜ ਚੁਕੀ ਸੀ। ਇੱਕ ਬੰਦਾ ਇੱਕ ਇੱਕ ਕਰਕੇ ਲਾਸ਼ਾਂ ਢੋ ਰਿਹਾ ਸੀ। ਉਸ ਵੇਲੇ ਬਾਰਾਂ ਤੋਂ ਚੌਦਾਂ ਬੰਦੇ ਛੁਰੀਆਂ ਦਾ ਸ਼ਿਕਾਰ ਬਣ ਚੁਕੇ ਸਨ।

ਕਾਫੀ ਚਿਰ ਅਸੀਂ ਆਪਣੇ ਘਰ ਟਿਕੇ ਰਹੇ ਪਰ ਅੰਤ ਵਿੱਚ ਅਜਿਹਾ ਸਮਾਂ ਆਇਆ ਜੱਦ ਸਾਨੂੰ ਕੰਧ ਟੱਪ ਕੇ ਗਵਾਂਢੀ ਸਿਖਾਂ ਦੇ ਘਰ ਜਾਣਾ ਪਿਆ। ਉਥੋਂ ਅਸੀਂ ਕੰਧਾਂ ਟੱਪ ਕੇ ਇੱਕ ਗਲੀ ਤੋਂ ਦੂਜੇ ਤੇ ਅੰਤ ਵਿੱਚ ਅਸੀਂ ਆਪਣੇ ਪਿਤਾ ਦੇ ਇੱਕ ਮਿਤਰ ਦੇ ਘਰ ਦੋ ਮਹੀਨੇ ਦੇ ਲਗਭਗ ਰਹੇ। ਫਿਰ ਅਸੀਂ ਕਦੀ ਇੱਕ ਚਾਚੀ ਦੇ ਘਰ ਕਦੀ ਦੂਜੀ ਦੇ।

ਸਾਰਾ ਪਰੀਵਾਰ ਇਕੱਠਾ ਕਦੀ ਨਹੀਂ ਸੀ ਜਾਂਦਾ; ਤਿੰਨ ਬੰਦੇ ਸਦਾ ਆਪਣੇ ਘਰ ਦੀ ਰਾਖੀ ਕਰਦੇ ਸੀ ਤੇ ਸ਼ਾਮ ਤੱਕ ਗਵਾਂਡੀ ਮੁਸਲਮਾਨ ਨਾਲ ਗੱਲਾਂ ਕਰਦੇ ਰਹਿੰਦੇ ਸੀ। ਅੱਧੀ ਅੱਧੀ ਰਾਤ ਤੱਕ ਘਰ ਦੀ ਰਾਖੀ ਲਈ ਜਾਗਦੇ ਰਹਿੰਦੇ ਸੀ।

ਸ਼ਾਹ ਆਲਮੀ ਗੇਟ ਜਾਲ ਕੇ ਸੁਆਹ ਕਰ ਦਿੱਤੀ ਗਈ ਸੀ। ਇਹ ਸੱਭ ਤੋਂ ਵੱਡਾ ਵਪਾਰ ਦਾ ਕੇਂਦਰ ਸੀ ਤੇ ਇਸ ਦੇ ਮਾਲਕ ਹਿੰਦੂ ਸਨ। ਕਰੋੜਾਂ ਦਾ ਮਾਲ ਤੇ ਜਾਇਦਾਦ ਤਬਾਹ ਕਰ ਦਿੱਤਾ ਤੇ ਸਾਰਾ ਇਲਾਕਾ ਢਾ ਕੇ ਮਿੱਟੀ ਵਿੱਚ ਮਿਲਾ ਦਿੱਤਾ।

ਕੁਝ ਲੋਕ ਚੰਗੇ ਵੀ ਸਨ। ਕਲਾਕਾਰਾਂ ਦੇ ਇੱਕ ਪਰੀਵਾਰ ਨਾਲ ਸਾਡਾ ਕਾਫੀ ਗੂੜ੍ਹਾ ਸਬੰਧ ਸੀ। ਗਿਆਰਾਂ ਕਿ ਚੌਦਾਂ ਅਗਸਤ ਨੂੰ ਉਨ੍ਹਾਂ ਨੇ ਸਾਡੇ ਪਿਤਾ ਨੂੰ ਸੁਨੇਹਾ ਭੇਜਿਆ ਚਾਚਾ ਜੀ ਅੱਜ ਦੀ ਰਾਤੀਂ ਤੁਸੀਂ ਆਪਣੇ ਘਰ ਨਹੀਂ ਰਹਿਣਾ, ਜੇ ਘਰ ਵਿੱਚ ਫੜ੍ਹੇ ਗਏ ਤਾਂ ਤੁਹਾਡੀਆਂ ਜਾਨਾਂ ਖਤਰੇ ਵਿੱਚ ਹਨ। ਅਸੀਂ ਲਹੌਰ ਤੇ ਪਾਕਿਸਤਾਨ ਉਸੇ ਵੇਲੇ ਤਿਆਗ ਦਿੱਤਾ।

***(ਡੋਮਿਨਿਕ):*** - ਜੇ ਪਿਛੇ ਝਾਤੀ ਮਾਰੀਏ ਤਾਂ ਦੇਸ਼ ਦੀ ਵੰਡ ਦਾ ਤੁਹਾਡੇ ਤੇ ਬਾਕੀ ਪਰੀਵਾਰ ਤੇ ਕੀ ਅਸਰ ਹੋਇਆ?

***(ਰਾਜ):-*** ਇੱਕ ਜਾਂ ਦੋ ਘਰਾਣਿਆਂ ਦੀ ਥਾਂ ਅਸੀਂ ਸਭ ਖਿਲਰ ਗਏ। ਨਾ ਕੋਈ ਘਰ ਬਾਰ ਨਾ ਕੰਮਕਾਜ। ਅਮੀਰੀ ਦੀ ਥਾਂ ਗਰੀਬੀ ਪੱਲੇ ਪੈ ਗਈ।

ਅਜਿਹਾ ਕਾਰਨਾਮਾ ਭਾਰਤ ਦੇ ਇਤਹਾਸ ਵਿੱਚ ਪਹਿਲਾਂ ਕਦੀ ਨਹੀਂ ਸੀ ਹੋਇਆ। ਅਸੀਂ ਕਦੀ ਸੋਚਿਆ ਵੀ ਨਹੀਂ ਸੀ ਕਿ ਲਹੌਰ ਸਾਡੇ ਕੋਲੋਂ ਸਦਾ ਲਈ ਖੋਹ ਲਿਆ ਜਾਵੇਗਾ।

***ਸਮਾਪਤ***